NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $95 5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact: Raj 021 8740 730, 0800 253 2687
www.redcleaning.co.nz

12 January 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜ਼ੀਲੈਂਡ ਨੇ ਸ਼੍ਰੀਲੰਕਾ ਤੋਂ ਜਿੱਤਿਆ ਇਕਲੌਤਾ ਟੀ-20



ਆਕਲੈਂਡ- ਟੀਮ ਵਿਚ ਵਾਪਸੀ ਕਰ ਰਹੇ ਡਗ ਬ੍ਰੇਸਵੇਲ ਤੇ ਡੈਬਿਊ ਕਰ ਰਹੇ ਸਕਾਟ ਕੁਗੇਲਿਨ ਦੇ ਬੱਲੇ ਤੇ ਗੇਂਦ ਨਾਲ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਨਿਊਜ਼ੀਲੈਂਡ ਨੇ ਸ਼ੁੱਕਰਵਾਰ ਨੂੰ ਇੱਥੇ ਇਕਲੌਤੇ ਟੀ-20 ਕੌਮਾਂਤਰੀ ਕ੍ਰਿਕਟ ਮੈਚ ਵਿਚ ਸ਼੍ਰੀਲੰਕਾ ਨੂੰ 35 ਦੌੜਾਂ ਨਾਲ ਹਰਾਇਆ। ਇਸਦੇ ਨਾਲ ਹੀ ਸ਼੍ਰੀਲੰਕਾ ਦੇ ਨਿਰਾਸ਼ਾਜਨਕ ਦੌਰੇ ਦਾ ਅੰਤ ਹੋਇਆ, ਜਿਸ ਵਿਚ ਟੀਮ ਨੂੰ ਪਹਿਲਾ ਟੈਸਟ ਡਰਾਅ ਖੇਡਣ ਤੋਂ ਬਾਅਦ ਦੂਜੇ ਟੈਸਟ, ਤਿੰਨ ਵਨ ਡੇ ਤੇ ਇਕਲੌਤੇ ਟੀ-20 ਵਿਚ ਹਾਰ ਦਾ ਸਾਹਮਣਾ ਕਰਨਾ ਪਿਆ। ਨਿਊਜ਼ੀਲੈਂਡ ਨੇ ਟਾਸ ਗੁਆਉਣ ਤੋਂ ਬਾਅਦ ਪਹਿਲਾਂ ਬੱਲੇਬਾਜ਼ੀ ਕਰਦਿਆਂ 55 ਦੌੜਾਂ 'ਤੇ 5 ਵਿਕਟਾਂ ਗੁਆ ਦਿੱਤੀਆਂ ਸਨ ਪਰ ਬ੍ਰੇਸਵੇਲ (44) ਤੇ ਕੁਗੇਲਿਨ (ਅਜੇਤੂ 35) ਦੀਆਂ ਪਾਰੀਆਂ ਦੀ ਬਦੌਲਤ ਟੀਮ 7 ਵਿਕਟਾਂ 'ਤੇ 179 ਦੌੜਾਂ ਬਣਾਉਣ 'ਚ ਸਫਲ ਰਹੀ। ਇਸਦੇ ਜਵਾਬ ਵਿਚ ਸ਼੍ਰੀਲੰਕਾ ਦੀ ਟੀਮ ਇਕ ਸਮੇਂ 12 ਓਵਰਾਂ ਵਿਚ 4 ਵਿਕਟਾਂ 'ਤੇ 118 ਦੌੜਾਂ ਬਣਾ ਕੇ ਚੰਗੀ ਸਥਿਤੀ ਵਿਚ ਸੀ ਪਰ ਟੀਮ ਨੇ ਆਪਣੀਆਂ ਆਖਰੀ 6 ਵਿਕਟਾਂ ਸਿਰਫ 26 ਦੌੜਾਂ ਜੋੜ ਕੇ ਗੁਆ ਦਿੱਤੀਆਂ ਤੇ ਪੂਰੀ ਟੀਮ 19 ਗੇਂਦਾਂ ਬਾਕੀ ਰਹਿੰਦਿਆਂ 114 ਦੌੜਾਂ 'ਤੇ ਢੇਰ ਹੋ ਗਈ।

# ਨਿਊਜੀਲੈਂਡ ਪੁਲਿਸ ਡਿਟੈਕਟਿਵ Scott Beard flew ਇੰਗਲੈਂਡ 'ਚ 'ਗਰੇਸ ਮਿਲਨੇ' ਦੇ ਅੰਤਿਮ ਸਸਕਾਰ ' ਚ ਸ਼ਾਮਿਲ ਹੋਏ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਬੀਤੇ ਸਾਲ ਨਵੰਬਰ-ਦਸੰਬਰ 'ਚ ਨਿਊਜੀਲੈਂਡ ਘੁੰਮਣ ਆਈ ਇੰਗਲੈਂਡ ਦੀ ਰਹਿਣ ਵਾਲੀ 22 ਸਾਲਾ ਲੜਕੀ ਗ੍ਰੇਸ ਮਿਲਨੇ ਦਾ ਨਿਊਜੀਲੈਂਡ 'ਚ ਕਤਲ ਹੋ ਗਿਆ ਸੀ। ਇਸ ਸਬੰਧੀ ਨਿਊਜੀਲੈਂਡ ਪ੍ਰਧਾਨ ਮੰਤਰੀ ਨੇ ਰੋਂਦੇ ਹੋਏ ਪੀੜਿਤ ਪਰਿਵਾਰ ਤੋਂ ਮੁਆਫੀ ਵੀ ਮੰਗੀ ਸੀ। ਗ੍ਰੇਸ ਮਿਲਨੇ ਦੇ ਕਤਲ ਨੇ ਪੂਰੇ ਨਿਊਜੀਲੈਂਡ ਨੂੰ ਝੰਜੋੜ ਕੇ ਰੱਖ ਦਿੱਤਾ ਸੀ ਅਤੇ ਨਿਊਜੀਲੈਂਡ ਮੀਡੀਆ ਨੇ ਵੀ ਇਸ ਪੂਰੀ ਘਟਨਾ ਨੂੰ ਲੈ ਕੇ ਸਕਾਤਰਮਕ ਰੁਖ ਅਪਣਾਉਂਦੇ ਹੋਏ ਉਸ ਦੇ ਗੁੰਮ ਹੋਣ ਤੋਂ ਬਾਅਦ ਉਸ ਦੀ ਭਾਲ ਵਿੱਚ ਪੂਰੀ ਤਰਾਂ ਮਦਦ ਕੀਤੀ ਸੀ। ਪਰ ਲੱਗਭਗ ਇੱਕ ਹਫਤੇ ਬਾਅਦ ਗ੍ਰੇਸ ਮਿਲਨੇ ਦੀ ਲਾਸ਼ ਨਿਊਜੀਲੈਂਡ 'ਚ ਬਰਾਮਦ ਹੋਈ ਸੀ। ਉਸ ਦਾ ਪਰਿਵਾਰ ਵੀ ਉਸਨੂੰ ਖੋਜਣ ਲਈ ਨਿਊਜੀਲੈਂਡ ਪਹੁੰਚ ਗਿਆ ਸੀ। ਉਸ ਦਾ ਮ੍ਰਿਤਕ ਸ਼ਰੀਰ ਕਈਂ ਦਿਨ ਬਾਅਦ ਇੰਗਲੈਂਡ ਭੇਜ ਦਿੱਤਾ ਸੀ, ਜਿਸ ਦਾ ਬੀਤੇ ਦਿਨੀਂ ਸਸਕਾਰ ਕੀਤਾ ਗਿਆ। ਸਸਕਾਰ ਮੌਕੇ ਜਿੱਥੇ ਸਥਾਨਿਕ ਲੋਕਾਂ ਦੀ ਵੱਡੀ ਭੀੜ ਸੀ ਉੱਥੇ ਹੀ ਨਿਊਜੀਲੈਂਡ ਪੁਲਿਸ ਦੇ ਡਿਟੈਕਟਿਵ





Scott Beard flew ਵੀ ਇੰਗਲੈਂਡ ਪਹੁੰਚੇ। ਜਿਕਰਯੋਗ ਹੈ ਕਿ ਡਿਟੈਕਟਿਵ Scott Beard flew ਨੇ ਇਸ ਕਤਲ ਕੇਸ ਦੇ ਦੌਰਾਨ ਦਿਨ-ਰਾਤ ਇੱਕ ਕਰਕੇ ਇਸ ਮਾਮਲੇ ਦੀ ਛਾਣਬੀਣ ਕੀਤੀ ਸੀ। ਉਨ੍ਹਾਂ ਦੀਆਂ ਇਹ ਕੋਸ਼ਿਸ਼ਾਂ ਭਾਂਵੇ ਕਿਸੇ ਕੰਮ ਨਹੀਂ ਆ ਸਕੀਆਂ ਪਰ ਗ੍ਰੇਸ ਮਿਲਨੇ ਦੇ ਪਿਤਾ ਨੇ ਵੀ ਡਿਟੈਕਟਿਵ Scott Beard flew ਦੇ ਯਤਨਾਂ ਦੀ ਸ਼ਲਾਘਾ ਕੀਤੀ ਸੀ। ਸਸਕਾਰ ਮੌਕੇ ਵੀ ਗ੍ਰੇਸ ਮਿਲਨੇ ਦੇ ਪਿਤਾ ਨੇ ਭਾਵੁਕ ਹੁੰਦਿਆ ਡਿਟੈਕਟਿਵ Scott Beard flew ਦਾ ਧੰਨਵਾਦ ਕੀਤਾ। ਸਸਕਾਰ ਮੌਕੇ ਸੈਂਕੜੇ ਲੋਕ ਸ਼ਾਮਿਲ ਹੋਏ ਜਿਨ੍ਹਾਂ ਨੇ ਸਫੈਦ ਰੰਗ ਦਾ ਰਿਬਨ ਬੰਨਿਆ ਹੋਇਆ ਸੀ ਜੋ ਔਰਤਾਂ 'ਤੇ ਹੋ ਰਹੇ ਜੁਲਮਾਂ ਦੇ ਵਿਰੋਧ ਦਾ ਪ੍ਰਤੀਕ ਹੈ। ਜਿਕਰਯੋਗ ਹੈ ਕਿ ਡਿਟੈਕਟਿਵ Scott Beard flew ਨੇ ਗ੍ਰੇਸ ਮਿਲਨੇ ਦੇ ਕਤਲ ਦੇ ਇਲਜਾਮ ਵਿੱਚ ਇੱਕ 26 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਸੀ ਜਿਸ ਨੂੰ 23 ਜਨਵਰੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਹੈ।

# ਆਕਲੈਂਡ 'ਚ ਕਾਰ ਅਤੇ ਬੱਸ ਦੀ ਟੱਕਰ 'ਚ ਇੱਕ ਦੀ ਮੌਤ, 9 ਜਖਮੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ 'ਚ Meadowbank 'ਤੇ ਇੱਕ ਬੱਸ ਅਤੇ ਕਾਰ ਦੀ ਭਿਆਨਕ ਟੱਕ ਹੋ ਗਈ ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 9 ਹੋਰ ਗੰਭੀਰ ਰੂਪ 'ਚ ਜਖਮੀ ਹੋ ਗਏ। ਸਵੇਰੇ 11:30 ਵਜੇ ਦੇ ਕਰੀਬ ਐਮਰਜੈਂਸੀ ਸੇਵਾਵਾਂ ਵਾਲਿਆਂ ਨੂੰ ਇਸ ਸਬੰਧੀ ਸੂਚਿਤ ਕੀਤਾ ਗਿਆ। ਇੱਕ ਪੁਲਿਸ ਬੁਲਾਰੇ ਦੱਸਿਆ ਕਿ ਇਹ ਇੱਕ ਗੰਭੀਰ ਟੱਕਰ ਸੀ, ਜਿਸ ਵਿੱਚ ਦੋ ਵਿਅਕਤੀ ਕਾਰ ਵਿਚ ਫਸ ਗਏ ਸਨ, ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ ਹੈ. ਦੂਜਾ ਗੰਭੀਰ ਤੌਰ 'ਤੇ ਜ਼ਖਮੀ ਹੋ ਗਿਆ ਹੈ। ਜਿਸ ਨੂੰ ਹਸਪਤਾਲ ਭਰਤੀ ਕਰਾਇਆ ਗਿਆ ਹੈ। ਅੱਠ ਹੋਰ ਲੋਕ ਜਿਹੜੇ ਬੱਸ ਵਿੱਚ ਸਵਾਰ ਸਮਝੇ ਜਾਂਦੇ ਹਨ ਨੂੰ ਵੀ ਸੱਟਾ ਆਈਆਂ ਹਨ। ਸੜਕ ਨੂੰਬੰਦ ਕਰ ਦਿੱਤਾ ਗਿਆ ਹੈ ਅਤੇ ਇਸ ਸਬੰਧੀ ਕਿਸੇ ਵੀ ਜਾਣਕਾਰੀ ਲਈ ਆਕਲੈਂਡ ਟ੍ਰਾਂਸਪੋਰਟ ਨੂੰ ਸੰਪਰਕ ਕੀਤਾ ਜਾ ਸਕਦਾ ਹੈ। ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ।

# ਆਕਲੈਂਡ 'ਚ 10 ਹਫਤੇ ਦੇ ਬੱਚੇ ਨੂੰ ਗੰਭੀਰ ਰੂਪ 'ਚ ਹਸਪਤਾਲ ਦਾਖਲ ਕਰਵਾਇਆ

ਆਕਲੈਂਡ (ਐੱਨ ਜੈੱਡ ਤਸਵਰੀ ਬਿਊਰੋ) ਆਕਲੈਂਡ 'ਚ ਇੱਕ 10-ਹਫਤੇ ਦੇ ਬੱਚੇ ਨੂੰ ਇਸ ਹਫ਼ਤੇ ਦੇ ਸ਼ੁਰੂ ਵਿੱਚ ਸੱਟਾਂ ਲੱਗਣ ਤੋਂ ਬਾਅਦ "ਗੰਭੀਰ ਹਾਲਤ" ਵਿੱਚ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਕਾਉਂਟੀਜ਼ ਮੈਨੂਕਾਉ ਪੁਲਿਸ ਦੱਖਣ ਔਕਲੈਂਡ ਦੇ ਪਾਪਕੁਰਾ ਵਿੱਚ ਇੱਕ ਘਟਨਾ ਦੀ ਜਾਂਚ ਕਰ ਰਹੀ ਹੈ ਜਿੱਥੇ ਬੱਚੇ ਦੇ "ਗੰਭੀਰ ਸੱਟਾਂ" ਲੱਗੀਆ ਹਨ। ਉਸ ਨੂੰ ਮੰਗਲਵਾਰ ਨੂੰ ਸਟਾਰਸ਼ੀਸ਼ ਹਸਪਤਾਲ ਲਿਜਾਇਆ ਗਿਆ ਅਤੇ ਉਹ ਇੱਕ ਗੰਭੀਰ ਹਾਲਤ ਵਿੱਚ ਹੈ, ਡੀਟਿਵ ਇੰਸਪੈਕਟਰ ਕੋਲੀਨ ਹਿਓਸਨ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ, ਕਿ ਬੱਚੇ ਦੀ ਹਾਲਤ ਸਥਿਰ ਬਣੀ ਹੋਈ ਹੈ। ਪੁਲਿਸ ਇਸ ਘਟਨਾ ਲਈ ਪੁੱਛਗਿੱਛ ਕਰ ਰਹੀ ਹੈ ਅਤੇ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਜੇਕਰ ਇਸ ਸਬੰਧੀ ਕਿਸੇ ਨੂੰ ਕੋਈ ਜਾਣਕਾਰੀ ਹੋਵੇ ਤਾਂ ਉਹ ਮੈਨੂਕਾਊ ਪੁਲਿਸ ਨੂੰ 09 261 1321 'ਤੇ ਸੰਪਰਕ ਕਰ ਸਕਦਾ ਹੈ।ਜਿਕਰਯੋਗ ਹੈ ਕਿ ਪਿਛਲੇ ਮਹੀਨੇ ਵੀ ਇਸੇ ਤਰਾਂ ਦੀ ਹਾਲਤ ਵਿੱਚ ਇੱਕ 3 ਹਫਤਿਆਂ ਦੇ ਬੱਚੇ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਸੀ।

# ਬੇਅਦਬੀ ਕਾਂਡ: ਖਹਿਰਾ ਨੇ ਖ਼ੁਦ ਦਰਜ ਕੀਤੇ ਪਿੰਡ ਵਾਲਿਆਂ ਦੇ ਬਿਆਨ

ਫ਼ਰੀਦਕੋਟ: ਬੇਅਦਬੀਆਂ ਅਤੇ ਗੋਲ਼ੀਕਾਂਡਾਂ ਦੇ ਮਸਲੇ 'ਤੇ ਹਰ ਸਿਆਸੀ ਪਾਰਟੀ ਆਪੋ ਆਪਣੇ ਤਰੀਕੇ ਨਾਲ ਸਿਆਸਤ ਕਰ ਰਹੀ ਹੈ। ਆਮ ਆਦਮੀ ਪਾਰਟੀ ਨਾਲੋਂ ਵੱਖ ਹੋ ਨਵੀਂ ਪੰਜਾਬੀ ਏਕਤਾ ਪਾਰਟੀ ਬਣਾਉਣ ਵਾਲੇ ਸੁਖਪਾਲ ਸਿੰਘ ਖਹਿਰਾ ਨੇ ਵੀ ਸਾਲ 2015 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸੰਬੰਧੀ ਪਿੰਡ ਵਾਸੀਆਂ ਦੇ ਬਿਆਨ ਦਰਜ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਜਵਾਹਰ ਸਿੰਘ ਵਾਲਾ ਪਹੁੰਚੇ। ਜਵਾਹਰ ਸਿੰਘ ਵਾਲਾ ਉਹੀ ਪਿੰਡ ਹੈ ਜਿੱਥੋਂ ਗੁਰੂ ਗਰੰਥ ਸਾਹਿਬ ਦਾ ਸਰੂਪ ਚੋਰੀ ਹੋਇਆ ਸੀ ਅਤੇ ਅਕਤੂਬਰ 2015 ਦੌਰਾਨ ਬੇਅਦਬੀ ਦੀ ਪਹਿਲੀ ਘਟਨਾ ਵੀ ਇਸੇ ਪਿੰਡ ਵਿੱਚ ਵਾਪਰੀ ਸੀ। ਖਹਿਰਾ ਨੇ ਬੇਅਦਬੀ ਸਬੰਧੀ ਪੁਲਿਸ ਵੱਲੋਂ ਕੀਤੇ ਕਥਿਤ ਤਸ਼ੱਦਦ ਦੇ ਪੀੜਤ ਲੋਕਾਂ ਦੇ ਬਿਆਨ ਦਰਜ ਕੀਤੇ। ਇਸ ਤੋਂ ਇਲਾਵਾ ਖਹਿਰਾ ਨੇ ਪਿੰਡ ਵਾਸੀਆਂ ਨਾਲ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਵੀ ਲੋਕਾਂ ਨਾਲ ਗੱਲਬਾਤ ਵੀ ਕੀਤੀ। ਹਾਲਾਂਕਿ, ਖਹਿਰਾ ਬਿਆਨ ਲੈਣ ਨੂੰ ਅਧਿਕਾਰਤ ਨਹੀਂ ਹਨ ਪਰ ਚੋਣਾਂ ਤੋਂ ਪਹਿਲਾਂ ਮੌਜੂਦਾ ਕਾਂਗਰਸ ਸਰਕਾਰ ਅਤੇ ਪਿਛਲੀ ਅਕਾਲੀ-ਭਾਜਪਾ ਸਰਕਾਰ 'ਤੇ ਆਪਣੇ ਇਸ ਸਿਆਸੀ ਸਟੰਟ ਰਾਹੀਂ ਨਿਸ਼ਾਨੇ ਲਾਉਣ ਦੀ ਕੋਸ਼ਿਸ਼ ਜ਼ਰੂਰ ਕਰਨਗੇ।

# ਦੂਜੇ ਗ੍ਰਹਿ ਤੋਂ ਕੋਈ ਕਰਨਾ ਚਾਹੁੰਦਾ ਹੈ ਸਾਡੇ ਨਾਲ ਗੱਲ, ਅਮਰੀਕੀ ਰੇਡੀਓ 'ਚ ਛਾਈ ਖ਼ਬਰ



ਨਵੀਂ ਦਿੱਲੀ: ਅਮਰਕੀ ਮੀਡੀਆ 'ਚ ਛਾਈ ਖ਼ਬਰਾਂ ਮੁਤਾਬਕ ਲੱਖਾਂ-ਕਰੋੜਾਂ ਮੀਲ ਦੂਰ ਤੋਂ ਧਰਤੀ 'ਤੇ ਲਗਾਤਾਰ ਰੇਡੀਓ ਸਿਗਨਲਸ ਆ ਰਹੇ ਹਨ। ਵਿਗੀਆਨੀਆ ਨੇ ਲਗਾਤਾਰ ਦੂਜੀ ਵਾਰ ਅਜਿਹੇ ਰੇਡੀਓ ਸਿਗਨਲਸ ਨੂੰ ਰਿਕਾਰਡ ਕੀਤਾ ਹੈ। ਨੇਚਰ ਨਾਂਅ ਦੀ ਮੈਗਜ਼ੀਨ ਦੀ ਗੱਲ ਇੱਕ ਵਾਰ ਫੇਰ ਸ਼ੁਰੂ ਹੋ ਗਈ ਹੈ। ਸਿਏਟਲ 'ਚ ਅਮਰੀਕਨ ਏਸਟ੍ਰੋਨਾਮਿਕਲ ਸੋਸਾਈਟੀ ਦੀ 233ਵੀਂ ਬੈਠਕ 'ਚ ਵੀ ਇਸ ਖੋਜ ਨੂੰ ਪੇਸ਼ ਕੀਤਾ ਗਿਆ ਸੀ। ਇਹ ਰੇਡੀਓ ਤਰੰਗਾਂ ਮਹਿਜ਼ ਮਿਲੀਸੇਕਿੰਡ-ਲੰਬੇ ਰੇਡੀਓ ਫਲੈਸ਼ ਹਨ ਅਤੇ ਇਸ ਤਰ੍ਹਾਂ ਦੀ ਰੇਡੀਓ ਤਰੰਗਾਂ ਪੁਲਾੜ 'ਚ ਕੋਈ ਵੱਡੀ ਗੱਲ ਨਹੀ। ਅਜਿਹਾ ਸਿਗਨਲ ਦੂਜੀ ਵਾਰ ਦਰਜ ਕੀਤਾ ਗਿਆ ਹੈ। ਇਹ ਗੱਲ ਅਜੇ ਵੀ ਰਾਜ਼ ਹੀ ਹੈ ਕਿ ਇਹ ਕਿਵੇਂ ਅਤੇ ਕਦੋਂ ਬਣਦੀਆਂ ਹਨ। ਅਜਿਹੇ ਪਹਿਲੇ ਸਿਗਨਲ ਨੂੰ 6RB ABAA@B ਦਾ ਨਾਂਅ ਦਿੱਤਾ ਗਿਆ ਸੀ ਜੋ 2015 'ਚ Arecibo ਰੇਡੀਓ ਟੇਲੀਸਕੋਪ ਵੱਲੋਂ ਖੋਜਿਆ ਗਿਆ ਸੀ ਅਤੇ 2018 'ਚ ਇਸ ਜਾਣਕਾਰੀ ਨੂੰ ਜਨਤੱਕ ਕੀਤਾ ਗਿਆ ਸੀ। ਮਿਲੇ ਸਿਗਨਲਸ ਨੂ 6 ਵਾਰ ਰਿਕਾਰਡ ਕੀਤਾ ਗਿਆ। ਇਹ ਨਵੇਂ ਕੈਨੇਡੀਅਨ ਹਾਈਡ੍ਰੋਜਨ ਇੰਟੇਸਿਟੀ ਮੈਪਿੰਗ ਐਕਸਪੈਰਿਮੈਂਟ ਯਾਨੀ ਚਾਈਮ ਵੱਲੋਂ ਦਰਜ ਕੀਤੇ ਗਏ ਸਭ ਤੋਂ ਪਹਿਲੀ ਤਰੰਗਾਂ ਚੋਂ ਇੱਕ ਹੈ। ਅਜੇ ਦਰਜ ਕਿਤੀਆਂ ਇਹ ਰੇਡੀਓ ਸਿਗਨਲਸ ਦੇ ਰਾਜ਼ ਤੋਂ ਪਰਦਾ ਨਹੀ ਉਠਿਆ। ਪਰ ਖੋਜੀਆਂ ਨੂੰ ਲੱਗਦਾ ਹੈ ਕਿ ਅਜਿਹੀ ਤਰੰਗਾਂ ਜਲਦੀ ਹੀ ਦਰਜ ਕੀਤੀਆਂ ਜਾਣਗੀਆਂ ਜਿਸ ਨਾਲ ਇਹ ਪਤਾ ਲੱਗ ਜਾਵੇਗਾ ਕਿ ਇਹ ਤਰੰਗਾਂ ਕਿਥੋਂ ਆ ਰਹਿਆਂ ਹਨ।

# ਪਾਕਿ ਦੀ ਆਬਾਦੀ 20.8 ਕਰੋੜ, ਜਿਨ੍ਹਾਂ ਚੋਂ 10410 ਟਰਾਂਸਜੈਂਡਰ



ਪਾਕਿਸਤਾਨ ਦੀ ਹਰ ਦਿਨ ਤੇਜ਼ੀ ਨਾਲ ਵੱਧਦੀ ਆਬਾਦੀ ਦੇ ਜੋ ਇਸ ਸਾਲ ਦੀ ਜਨਗਣਨਾ ਦੇ ਬਾਅਦ ਅੰਕੜੇ ਸਾਹਮਣੇ ਆਏ ਹਨ, ਉਹ ਹੈਰਾਨ ਕਰ ਦੇਣ ਵਾਲੇ ਹਨ। ਇਸ ਸਾਲ ਮਾਰਚ 2017 ਵਿਚ ਸ਼ੁਰੂ ਕੀਤੀ ਗਈ ਜਨਗਣਨਾ ਦੇ ਨਤੀਜੇ ਜਾਰੀ ਕੀਤੇ ਗਏ ਹਨ। ਇਸ ਦੇ ਅਧੀਨ ਇਸ ਸਮੇਂ ਪਾਕਿਸਤਾਨ ਦੀ ਆਬਾਦੀ 20.8 ਕਰੋੜ ਦਾ ਅੰਕੜਾ ਪਾਰ ਕਰ ਚੁੱਕੀ ਹੈ, ਜੋ ਕਿ 2020 ਤੱਕ 21 ਦਾ ਅੰਕੜਾ ਪਾਰ ਕਰ ਜਾਏਗੀ।ਜਾਣਕਾਰੀ ਅਨੁਸਾਰ ਇਸ ਸਾਲ ਦੀ ਜਨਗਣਨਾ ਪਾਕਿਸਤਾਨ ਵਿਚ 19 ਸਾਲ ਤੋਂ ਬਾਅਦ ਹੋਈ ਹੈ ਅਤੇ ਉਸ ਨੇ ਆਬਾਦੀ ਵਿਚ ਹੈਰਾਨੀਜਨਕ ਵਾਧੇ ਦੇ ਅੰਕੜੇ ਪੇਸ਼ ਕੀਤੇ ਹਨ। ਇਸ ਸਮੇਂ ਪਾਕਿਸਤਾਨ ਦੀ ਸਮੂਹ ਆਬਾਦੀ ਵਿਚ 10 ਕਰੋੜ 6 ਲੱਖ ਮਰਦ, ਜਦਕਿ 10 ਕਰੋੜ ਇਕ ਲੱਖ ਤੋਂ ਵੱਧ ਔਰਤਾਂ ਹਨ। ਓਧਰ ਪਾਕਿਸਤਾਨ ਵਿਚ 10410 ਟਰਾਂਸਜੈਂਡਰ ਪਾਏ ਗਏ ਹਨ ਅਤੇ ਪਾਕਿ ਦੀ ਆਬਾਦੀ ਵਿਚ ਵਾਧਾ ਹੋਇਆ ਹੈ।

# ਪਾਕਿ 'ਚ ਬਸੰਤ ਪੰਚਮੀ ਮਨਾਉਣ ਤੋਂ ਪਾਬੰਧੀ ਹਟਾਈ, 12 ਸਾਲਾਂ ਬਾਅਦ ਉੱਡਣਗੀਆਂ ਪਤੰਗਾਂ

ਅੰਮ੍ਰਿਤਸਰ: ਪਾਕਿਸਤਾਨ ਦੀ ਇਮਰਾਨ ਖ਼ਾਨ ਸਰਕਾਰ ਨੇ ਬਸੰਤ ਪੰਚਮੀ ਦੇ ਤਿਉਹਾਰ ਸਬੰਧੀ ਵੱਡਾ ਫੈਸਲਾ ਲਿਆ ਹੈ। ਸਰਕਾਰ ਨੇ ਬਸੰਤ ਪੰਚਮੀ ਤਿਉਹਾਰ ਦੁਬਾਰਾ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਸਬੰਧੀ ਹਿੰਦੂ-ਮੁਸਲਮਾਨ ਭਾਈਚਾਰਾ ਕਾਫੀ ਖ਼ੁਸ਼ ਨਜ਼ਰ ਆ ਰਿਹਾ ਹੈ। ਇਸ ਦੇ ਨਾਲ ਹੀ ਭਾਰਤੀ ਲੋਕਾਂ ਨੇ ਵੀ ਸਰਕਾਰ ਕੋਲੋਂ ਇਸ ਪਰੰਪਰਾਗਤ ਸਮਾਗਮ ਵਿੱਚ ਹਿੱਸਾ ਲੈਣ ਲਈ ਪਾਕਿਸਤਾਨ ਅੰਬੈਸੀ ਨੂੰ ਜ਼ਿਆਦਾ ਤੋਂ ਜ਼ਿਆਦਾ ਭਾਰਤੀ ਪੰਜਾਬੀਆਂ ਨੂੰ ਵੀਜ਼ਾ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਹੈ।ਯਾਦ ਰਹੇ ਕਿ ਪਾਕਿਸਤਾਨ ਦੀ ਤਤਕਾਲੀ ਸਰਕਾਰ ਨੇ ਕੱਟਰਪੰਥੀ ਸੰਗਠਨਾਂ ਖ਼ਾਸ



ਕਰਕੇ ਮੁੰਬਈ ਹਮਲਿਆਂ ਦੇ ਮਾਸਟਰਮਾਈਂਡ ਹਾਫ਼ਿਜ਼ ਸਈਦ ਦੇ ਸੰਗਠਨ ਜਮਾਤ-ਉਦ-ਦਾਵਾ ਦੇ ਦਬਾਅ ਵਿੱਚ ਆ ਕੇ 2007 ਵਿੱਚ ਬਸੰਤ ਪੰਚਮੀ ਮਨਾਉਣ 'ਤੇ ਪੰਜਾਬੀ ਲਾਈ ਸੀ। ਤਰਕ ਇਹ ਦਿੱਤਾ ਗਿਆ ਸੀ ਕਿ ਤਿਉਹਾਰ ਗੈਰ ਇਸਲਾਮਕ ਹੈ। ਹਾਲਾਂਕਿ ਇਸ ਨੂੰ ਦੋਵੇਂ ਤਬਕੇ ਵਾਲੇ ਮਿਲ ਕੇ ਮਨਾਉਂਦੇ ਹਨ। ਇਸ ਤਿਉਹਾਰ ਨੂੰ ਨੈਸ਼ਨਲ ਕਾਈਟ-ਡੇਅ ਵਜੋਂ ਵੀ ਜਾਣਿਆ ਜਾਂਦਾ ਹੈ। ਪੰਜਾਬ ਪ੍ਰਾਂਤ ਦੇ ਸੂਚਨਾ ਤੇ ਸੰਸਕ੍ਰਿਤੀ ਮੰਤਰੀ ਫੈਯਾਜੁਲ ਹਸਨ ਕੋਹਨ ਨੇ ਇਸ ਪਾਬੰਧੀ ਨੂੰ ਹਟਾਉਣ ਦਾ ਐਲਾਨ ਕੀਤਾ ਹੈ।

# ਜਾਣੋਂ ਰਾਮ ਰਹੀਮ ਨੂੰ ਹੋਰ ਕਿੰਨੀ ਹੋ ਸਕਦੀ ਹੈ ਸਜ਼ਾ

ਹਰਿਆਣਾ ਪੱਤਰਕਾਰ ਰਾਮਚੰਦਰ ਛੱਤਰਪਤੀ ਦੇ ਕਤਲ ਮਾਮਲੇ 'ਚ ਪੰਚਕੂਲਾ ਦੀ ਸਪੈਸ਼ਲ ਸੀ.ਬੀ.ਆਈ. ਕੋਰਟ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਅੱਜ ਦੋਸ਼ੀ ਕਰਾਰ ਦਿੱਤਾ ਹੈ। ਜੱਜ ਜਗਦੀਪ ਸਿੰਘ ਨੇ ਭਾਵੇਂ ਕਿ ਅੱਜ ਸਜ਼ਾ ਨਹੀਂ ਸੁਣਾਈ ਸਿਰਫ ਦੋਸ਼ੀ ਕਰਾਰ ਦਿੱਤਾ ਹੈ ਪਰ ਰਾਮ ਰਹੀਮ 'ਤੇ ਲੱਗੀ ਧਾਰਾ 302 ਤੇ 120ਬੀ ਅਨੁਸਾਰ ਉਸ ਨੂੰ ਭਾਰਤੀ ਕਾਨੂੰਨ ਮੁਤਾਬਕ ਸਖਤ ਸਜ਼ਾ ਦਿੱਤੇ ਜਾਣ ਦਾ ਪ੍ਰਬੰਧ ਹੈ। ਭਾਰਤੀ ਕਾਨੂੰਨ ਦੀ ਗੱਲ ਕਰੀਏ ਤਾਂ ਆਈ.ਪੀ.ਸੀ. ਦੀ ਧਾਰਾ ਅਨੁਸਾਰ 302 ਤੇ 120ਬੀ ਦੇ ਦੋਸ਼ੀ ਨੂੰ ਹੇਠ ਦਿੱਤੀ ਸਜ਼ਾ ਦਾ ਪ੍ਰਬੰਧ ਹੈ।

**ਕੀ ਹੈ ਧਾਰਾ 302**

ਆਈ.ਪੀ.ਸੀ. ਦੀ ਧਾਰਾ 302 ਕਈ ਮਾਇਨਿਆਂ 'ਚ ਕਾਫੀ ਅਹਿਮ ਹੈ। ਕਤਲ ਦੇ ਦੋਸ਼ੀਆਂ 'ਤੇ ਧਾਰਾ 302 ਲਗਾਈ ਜਾਂਦੀ ਹੈ। ਜੇਕਰ ਕਿਸੇ 'ਤੇ ਕਤਲ ਦਾ ਦੋਸ਼ ਸਾਬਿਤ ਹੋ ਜਾਂਦਾ ਹੈ ਤਾਂ ਉਸ ਨੂੰ ਊਮਰਕੈਦ ਜਾਂ ਫਾਂਸੀ ਤੇ ਜੁਰਮਾਨਾ ਵੀ ਹੋ ਸਕਦਾ ਹੈ। ਕਤਲ ਦੇ ਮਾਮਲਿਆਂ 'ਚ ਖਾਸਤੌਰ 'ਤੇ ਕਤਲ ਦੇ ਇਰਾਦੇ ਤੇ ਉਸ ਦੇ ਟੀਚੇ 'ਤੇ ਧਿਆਨ ਦਿੱਤਾ ਜਾਂਦਾ ਹੈ। ਇਹ ਆਈ.ਪੀ.ਸੀ. ਧਾਰਾ ਇਕ ਗੈਰ-ਜ਼ਮਾਨਤੀ ਤੇ ਸੰਗੀਨ ਅਪਰਾਧ ਹੈ।

**ਕੀ ਹੈ ਧਾਰਾ 120ਬੀ**

ਕਿਸੇ ਵੀ ਅਪਰਾਧ ਨੂੰ ਅੰਜਾਮ ਦੇਣ ਲਈ ਸਾਂਝੀ ਸਾਜ਼ਿਸ਼ ਭਾਵ ਕਾਮਨ ਕਾਨਸਪਿਰੇਸੀ ਦਾ ਮਾਮਲਾ ਗੁਨਾਹ ਦੀ ਸ਼੍ਰੇਣੀ 'ਚ ਆਉਂਦਾ ਹੈ। ਅਜਿਹੇ ਮਾਮਲਿਆਂ 'ਚ ਇੰਡੀਅਨ ਪੀਨਲ ਕੋਡ (ਆਈ.ਪੀ.ਸੀ) ਦੀ ਧਾਰਾ 120ਏ ਤੇ 120ਬੀ ਦਾ ਪ੍ਰਬੰਧ ਹੈ। ਜਿਸ 'ਚ ਵੀ ਮਾਮਲੇ 'ਚ ਦੋਸ਼ੀਆਂ ਦੀ ਗਿਣਤੀ ਇਕ ਤੋਂ ਜ਼ਿਆਦਾ ਹੁੰਦੀ ਹੈ ਤਾਂ ਪੁਲਸ ਦੀ ਐੱਫ.ਆਈ.ਆਰ. 'ਚ ਆਮਤੌਰ 'ਤੇ ਧਾਰਾ 120ਏ ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਇਹ ਜ਼ਰੂਰੀ ਨਹੀਂ ਹੈ ਕਿ ਦੋਸ਼ੀ ਖੁਦ ਅਪਰਾਧ ਨੂੰ ਅੰਜਾਮ ਦੇਵੇਂ। ਕਿਸੇ ਸਾਜ਼ਿਸ਼ 'ਚ ਸ਼ਾਮਲ ਹੋਣਾ ਵੀ ਕਾਨੂੰਨ ਦੀ ਨਜ਼ਰ 'ਚ ਅਪਰਾਧ ਹੈ। ਅਜਿਹੇ 'ਚ ਸਾਜ਼ਿਸ਼ 'ਚ ਸ਼ਾਮਲ ਸ਼ਖਸ ਜੇਕਰ ਫਾਂਸੀ, ਉਮਰਕੈਦ ਜਾਂ ਦੋ ਸਾਲ ਤੋਂ ਵਧ ਮਿਆਦ ਦੇ ਕਠਿਨ ਕਾਰਾਵਾਸ ਨਾਲ ਸਜ਼ਾਯੋਗ ਅਪਰਾਧ ਕਰਨ ਦੀ ਅਪਰਾਧਿਕ ਸਾਜ਼ਿਸ਼ 'ਚ ਸ਼ਾਮਲ ਹੋਵੇਗਾ ਤਾਂ ਧਾਰਾ 120ਬੀ ਦੇ ਤਹਿਤ ਉਸ ਨੂੰ ਵੀ ਅਪਰਾਧ ਕਰਨ ਵਾਲੇ ਦੇ ਬਰਾਬਰ ਸਜ਼ਾ ਮਿਲੇਗੀ।